# ਹੁਣ ਤੁਹਾਨੂੰ ਸਿਹਤ ਜਾਣਕਾਰੀ ਲੈਣ ਲਈ ਬਹੁਤ ਸਾਰੀਆਂ ਵੱਖ ਵੱਖ ਥਾਵਾਂ 'ਤੇ ਭਾਲ ਕਰਨ ਦੀ ਲੋੜ ਨਹੀਂ।

## ਜਾਣਕਾਰੀ ਦਾ ਇੱਕ ਸ੍ਰੋਤ

ਇੰਨੀ ਸਾਰੀ ਜਾਣਕਾਰੀ ਨਾਲ ਭਰੀ ਦੁਨੀਆ ਵਿਚ, ਇਹ ਜਾਣਕਾਰੀ ਭਰੋਸਾ ਦਿੰਦੀ ਹੈ, ਕਿ ਇਕ ਅਜਿਹੀ ਥਾਂ ਹੈ, ਜਿਥੇ ਤੁਹਾਨੂੰ, ਸਿਹਤ ਬਾਰੇ ਉਹ ਸਭ ਪਤਾ ਲੱਗ ਸਕਦਾ ਹੈ, ਜਿਸ ਬਾਰੇ ਤੁਹਾਨੂੰ ਜਾਣਨ ਦੀ ਲੋੜ ਹੈ। ਇਹ ਜਾਣਨਾ ਹੋਰ ਵੀ ਯਕੀਨ ਦਿੰਦਾ ਹੈ ਕਿ ਇਹ, NHSScotland ਤੋਂ ਹੈ। NHS ਇੰਫ਼ਾਰਮ ਇੱਕ ਨਵੀਂ ਸਿਹਤ ਜਾਣਕਾਰੀ ਸੇਵਾ ਹੈ, ਜੋ, ਜਦੋਂ ਤੁਹਾਨੂੰ ਇਸਦੀ ਲੋੜ ਹੈ, ਤੁਹਾਨੂੰ ਲੋੜੀਂਦੀ ਜਾਣਕਾਰੀ ਤੱਕ ਤੁਹਾਨੂੰ ਪਹੁੰਚ ਦੇਣ ਦੇ ਹਿਸਾਬ ਨਾਲ ਤਿਆਰ ਕੀਤੀ ਗਈ ਹੈ। ਤੁਸੀਂ ਇਸ ਨੂੰ www.nhsinform.co.uk 'ਤੇ ਆੱਨਲਾਈਨ ਜਾਂ **0800 22 44 88 (ਸਵੇਰੇ 8-ਰਾਤੀਂ 10)** 'ਤੇ ਲੱਭ ਸਕਦੇ ਹੋ।

## NHS ਜਾਣਕਾਰੀ ਸੇਵਾਵਾਂ

### ਅਸੀਂ ਉਪਲਬਧ ਕਰ ਸਕਦੇ ਹਾਂ:

- ਮੈਡੀਕਲ ਸਥਿਤੀਆਂ ਬਾਰੇ ਆਮ ਜਾਣਕਾਰੀ
- ਆਮ ਕਰਕੇ ਪੁੱਛੇ ਜਾਣ ਵਾਲੇ ਸਿਹਤ ਸੁਆਲਾਂ ਲਈ ਜਵਾਬ
- ਸਿਹਤ ਅਤੇ ਭਲਾਈ ਸਬੰਧੀ ਵਿਸ਼ਿਆਂ ਬਾਰੇ ਜਾਣਕਾਰੀ
- www.healthinmylanguage.com – ਸਿਹਤ ਜਾਣਕਾਰੀ ਦੇ ਅਨੁਵਾਦ ਲਈ
- ਹੈਡਲਾਈਨਾਂ ਦੇ ਪਿੱਛੇ ਦੀ ਵਿਸ਼ੇਸ਼ਤਾ - ਉਹਨਾਂ ਸਿਹਤ ਮੁੱਦਿਆਂ ਦੀ ਘੋਖ ਕਰਨਾ, ਜਿਹੜੀਆਂ ਖ਼ਬਰਾਂ ਵਿਚ ਆਉਂਦੀਆਂ ਹਨ
- NHSਸਕਾੱਟਲੈਂਡ ਭਰ ਵਿਚ ਸਥਾਨਕ ਜਾਣਕਾਰੀ ਲਈ ਲਿੰਕ
- ਤੁਹਾਡੇ ਹੱਕਾਂ ਬਾਰੇ ਜਾਣਕਾਰੀ
- ਇੱਕ ਆੱਨਲਾਈਨ ਪੁੱਛਗਿੱਛ ਸੇਵਾ।

## ਹਰ ਕਿਸੇ ਲਈ ਇੱਕੋ ਤਰੀਕਾ

ਅਸੀਂ ਭਰੋਸੇਮੰਦ ਜਾਣਕਾਰੀ ਤੱਕ ਪਹੁੰਚ ਮੁਹਈਆ ਕਰਦੇ ਹਾਂ, ਜੋ ਕਿ ਕਈ ਵੱਖ ਵੱਖ ਤਰੀਕਿਆਂ ਵਿਚ ਤੁਹਾਡੀ ਮਦਦ ਕਰ ਸਕਦੀ ਹੈ। ਅਸੀਂ ਤੁਹਾਨੂੰ ਮੈਡੀਕਲ ਸਥਿਤੀਆਂ ਬਾਰੇ ਜਾਣਕਾਰੀ, ਸਿਹਤ ਸਬੰਧੀ ਆਮ ਸੁਆਲਾਂ ਦੇ ਜਵਾਬ ਦੇ ਸਕਦੇ ਹਾਂ ਅਤੇ ਤੁਹਾਨੂੰ, ਸਿਹਤ ਸਬੰਧੀ ਸਾਰੀਆਂ ਬਿਲਕੁਲ ਨਵੀਆਂ ਖ਼ਬਰਾਂ ਤੋਂ ਜਾਣੂ ਰਖਦੇ ਹਾਂ। ਸਾਡੇ ਕੋਲ ਡਾਇਬਟੀਜ਼ ਜਾਂ ਦਮੇ ਨਾਲ ਜੀਵਨ ਗੁਜ਼ਾਰਣ ਤੋਂ ਲੈ ਕੇ ਜੀਪੀ ਨਾਲ ਕਿਵੇਂ ਰਜਿਸਟਰ ਹੋਵੋ, ਬਾਰੇ ਪਤਾ ਲਾਉਣ ਵਾਲੀ, ਸਿਹਤ ਅਤੇ ਭਲਾਈ ਦੇ ਵਿਸ਼ੇਸ਼ ਵਿਸ਼ਿਆਂ, ਬਾਰੇ ਕਾਫ਼ੀ ਸਾਰੀ ਜਾਣਕਾਰੀ ਹੈ। ਸਾਡੇ ਕੋਲ, ਸਕਾੱਟਲੈਂਡ ਭਰ ਵਿਚ ਸਥਾਨਕ ਜਾਣਕਾਰੀ ਲਈ ਲਿੰਕ ਹਨ, ਜਿਵੇਂ ਕਿ ਤੁਹਾਡੇ ਇਲਾਕੇ ਵਿਚਲੇ ਸਹਾਇਤਾ ਸਮੂਹ ਅਤੇ ਜਿਥੇ ਤੁਹਾਡੀ ਸਿਹਤ ਦੀ ਗੱਲ ਆਉਂਦੀ ਹੈ, ਤੁਹਾਡੇ ਹੱਕਾਂ ਦੇ ਵੇਰਵੇ।

ਜੇ ਤੁਸੀਂ ਇਹ ਨਹੀਂ ਲੱਭ ਸਕਦੇ ਕਿ ਤੁਸੀਂ ਕਿਸ ਲਈ ਭਾਲ ਕਰ ਰਹੇ ਹੋ, ਤਾਂ ਇੱਕ ਆੱਨਲਾਈਨ ਪੁੱਛਗਿੱਛ ਸੇਵਾ ਹੈ ਜਾਂ ਤੁਸੀਂ ਸਾਨੂੰ 0800 22 44 88 'ਤੇ ਕਾੱਲ ਕਰ ਸਕਦੇ ਹੋ, ਅਤੇ ਟੀਮ ਦਾ ਇੱਕ ਮੈਂਬਰ ਤੁਹਾਡੇ ਲਈ ਜਵਾਬ ਲੱਭਣ ਵਿਚ ਤੁਹਾਡੀ ਮਦਦ ਕਰ ਸਕਦਾ ਹੈ।

## ਇੱਕ ਵਿਕਾਸਸ਼ੀਲ ਸੇਵਾ

ਕਿਉਂਕਿ ਅਸੀਂ ਅਜੇ ਵੀ ਵਿਕਾਸ ਕਰ ਰਹੇ ਹਾਂ ਅਤੇ NHS ਇੰਫ਼ਾਰਮ ਵਿਚ ਸੁਧਾਰ ਲਿਆ ਰਹੇ ਹਾਂ, ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਅਸੀਂ ਤੁਹਾਨੂੰ ਸਭ ਤੋਂ ਵੱਧ ਸਬੰਧਿਤ ਅਤੇ ਇਸ ਵੇਲੇ ਉਪਲਬਧ ਤਾਜ਼ਾਤਰੀਨ ਜਾਣਕਾਰੀ ਉਪਲਬਧ ਕਰਾਈਏ, ਅਸੀਂ ਸੇਵਾ ਨੂੰ ਲਗਾਤਾਰ ਆਧੁਨਿਕ ਬਣਾਵਾਂਗੇ।

## ਇੱਕੋ ਥਾਂ ਵਿਚ ਜਵਾਬ

NHS ਇੰਫ਼ਾਰਮ ਤੁਹਾਡੇ ਲਈ ਜਵਾਬ ਲੱਭ ਸਕਦਾ ਹੈ,
ਭਾਵੇਂ ਤੁਸੀਂ:

- ਆਪਣੇ ਸਭ ਤੋਂ ਨਜ਼ਦੀਕੀ ਦੰਦਾਂ ਦੇ ਡਾੱਕਟਰ ਦੀ ਭਾਲ ਕਰ ਰਹੇ ਹੋ
- ਇਹ ਜਾਣਨਾ ਚਾਹੁੰਦੇ ਹੋ ਕਿ ਤੁਹਾਡੀ ਸਥਾਨਕ ਜੀਪੀ ਸਰਜਰੀ ਕਦੋਂ ਖੁਲ੍ਹਦੀ ਹੈ
- ਜਾਣਨਾ ਚਾਹੁੰਦੇ ਹੋ ਕਿ ਤੁਹਾਨੂੰ ਕਿਹੜੇ ਟੀਕੇ ਲੱਗਣਗੇ
- ਤੁਹਾਡੀ ਛੁੱਟੀ ਲਈ ਲੋੜ
- ਜਾਣਨਾ ਚਾਹੁੰਦੇ ਹੋ ਕਿ ਤਮਾਖੂਨੋਸ਼ੀ ਰੋਣ ਵਾਲੇ ਸਮੂਹ ਵਿਚ ਕਿਵੇਂ ਸ਼ਾਮਿਲ ਹੋਵੋ
- ਸਹਾਇਤਾ ਸਮੂਹਾਂ ਲਈ ਭਾਲ ਕਰ ਰਹੇ ਹੋ ਜਾਂ
- ਪਰਿਵਾਰ ਭਲਾਈ ਕਲਿਨਿਕ।

## ਸਾਡੇ ਨਾਲ ਸੰਪਰਕ ਕਰੋ

ਜੇ ਤੁਹਾਡੀਆਂ ਕੋਈ ਟਿੱਪਣੀਆਂ ਜਾਂ ਸੁਆਲ ਹਨ ਜਾਂ ਤੁਸੀਂ NHS ਇੰਫ਼ਾਰਮ ਵਿਕਾਸ ਕਰ ਰਿਹਾ ਹੈ, ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਇਥੇ ਈਮੇਲ ਕਰੋ: nhs.inform@nhs24.scot.nhs.uk

## ਬਦਲਵੇਂ ਰੂਪ

ਜੇ ਤੁਸੀਂ ਇਸ ਲੀਫ਼ਲੈਟ ਦੀ ਕਿਸੇ ਹੋਰ ਭਾਸ਼ਾ ਜਾਂ ਵੱਡੇ ਅੱਖਰਾਂ, ਅਸਾਨੀ ਨਾਲ ਪੜ੍ਹੇ ਜਾਣ ਵਾਲੇ, ਕੈਸੇਟ 'ਤੇ, ਬ੍ਰਿਟਿਸ਼ ਸੰਕੇਤ ਭਾਸ਼ਾ (BSL) ਵਿਚ ਵੀਡੀਓ 'ਤੇ ਜਾਂ ਬ੍ਰੇਲ ਵਰਗੇ ਰੂਪ ਵਿਚ ਇੱਕ ਕਾੱਪੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 0800 22 44 88 'ਤੇ ਸਾਡੇ ਨਾਲ ਸੰਪਰਕ ਕਰੋ। ਜੇ ਤੁਹਾਡੇ ਕੋਲ ਟੈਕਸਟਫੋਨ ਹੈ, ਤਾਂ ਡਾਇਲ ਕਰੋ 18001 0800 22 44 88.